PSPCL **Punjab State Power Corporation Limited**

Regd. Office: PSEB Head Office, The Mall, Patiala-147001
Corporate ID No: U40109PB2010 SGC033813,
Website :www.pspcl.in

**Auction Notice No. 10/Auction/CCMC-210/2021-22.**

1. **Short Description:** Auction for Leasing of Booth No.-07 on rent at shopping Complex, GHTP, Lehra Mohabat.

2. Last Date & Time for Sale of Auction documents: Upto 04.00 P.M. on 03.01.2022

3. Date & Time of Auction : At 11.00 A.M. on 04.01.2022

**Note:-**

1) For details visit website, www.pspcl.in
2) It is informed that in case auction process is not completed due to any reason, no corrigendum will be published in newspapers. Details regarding corrigendum may be seen on website, www.pspcl.in

15/12/21

Sr. Xen/CCMC,
GHTP, Lehra Mohabat.

Scanned with CamScanner

ਪੰਜਾਬ ਰਾਜ ਪਾਵਰ ਨਿਗਮ ਲਿਮਟਿਡ
(ਰਜਿ: ਦਫਤਰ: ਪੰ:ਰਾ:ਬਿ:ਬੋ: ਹੈਡ ਆਫਿਸ, ਦੀ ਮਾਲ, ਪਟਿਆਲਾ)
**Corporate Identity No.:** *U40109PB2010SGC033813*, **Website:***www.pspcl.in*
ਦਫਤਰ: ਸੀਨੀਅਰ ਕਾਰਜਕਾਰੀ ਇੰਜੀਨੀਅਰ/ਕਲੋਨੀ ਸਿਵਲ ਸੰਭਾਲ ਸੈਲ, ਗਹਥਪ, ਲਹਿਰਾ ਮੁਹੱਬਤ
**(Phone No. 96461-17660, Fax No. 0164-2756255)**

## ਬੋਲੀ ਦਾ ਨੋਟਿਸ

ਪਾਵਰ ਕਲੋਨੀ, ਗ:ਹ:ਥ:ਪ:, ਲਹਿਰਾ ਮੁਹੱਬਤ ਵਿਖੇ ਬੂਥ ਨੰ: 07 ਨੂੰ ਕਿਰਾਏ ਤੇ ਦੇਣ ਲਈ ਬੋਲੀ ਦੀਆਂ ਤਾਰੀਖਾਂ ਅਤੇ ਰਿਜ਼ਰਵ ਕੀਮਤ ਵਿੱਚ ਹੇਠ ਲਿਖੇ ਅਨੁਸਾਰ ਵਾਧਾ/ਸੋਧ ਕੀਤੀ ਜਾਂਦੀ ਹੈ।

ਨੋਟਿਸ ਨੰ: 10/ਬੋਲੀ/ਸੀਸੀਐਮਸੀ-210/2021-22

| | | |
|---|---|---|
| 1. | ਬੋਲੀ ਦਸਤਾਵੇਜਾਂ ਦੀ ਵਿਕਰੀ ਦੀ ਆਖਰੀ ਮਿਤੀ ਤੇ ਸਮਾਂ | 03-01-2022 ਸਮਾਂ ਸ਼ਾਮ 04:00 ਵਜੇ ਤੱਕ |
| 2. | ਬੋਲੀ ਦੀ ਮਿਤੀ ਤੇ ਸਮਾਂ | 04-01-2022 ਸਮਾਂ ਸਵੇਰੇ 11:00 ਵਜੇ |

ਵਿਸਥਾਰਤ ਬੋਲੀ ਸੂਚਨਾ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ www.pspcl.in ਤੇ ਵੇਖੇ ਜਾਣ। ਬਾਕੀ ਬੋਲੀ ਦੀਆਂ ਸ਼ਰਤਾਂ ਪੁਰਾਣੀਆਂ ਹੀ ਰਹਿਣਗੀਆਂ।

**ਨੋਟ:-** ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਬੋਲੀ ਦੀ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸੰਬੰਧੀ ਵੇਰਵੇ ਪੀ ਐਸ ਪੀ ਸੀ ਐਲ ਦੀ ਵੈਬ ਸਾਈਟ www.pspcl.in ਤੇ ਵੇਖੇ ਜਾਣ।

15/12/21

ਸੀਨੀ:ਕਾਰਜਕਾਰੀ ਇੰਜੀਨੀਅਰ,
ਕਲੋਨੀ ਸਿਵਲ ਸੰਭਾਲ ਸੈਲ,
ਗ:ਹ:ਥ:ਪ:, ਲਹਿਰਾ ਮੁਹੱਬਤ।

Scanned with CamScanner

**PUNJAB STATE POWER CORPORATION LTD.**
**(Regd. Office, PSEB Head Office, The Mall, Patiala)**
***Corporate Identity No.:** U40109PB2010SGC033813, **Website:** www.pspcl.in*
**(Office of Sr. Executive Engineer/CCMC, GHTP, Lehra Mohabat)**
(Mobile No. 96461-17660, Fax No. 0164- 2756255)

**AUCTION NOTICE**

| | |
|---|---|
| Office | Sr.Xen, Colony Civil Mtc. Cell, GHTP, Lehra Mohabat. |
| Auction Notice No. | 10/Auction/CCMC- 210/2021-22. |
| Issuing Authority | Sr.Xen, Colony Civil Mtc Cell, GHTP, Lehra Mohabat. |
| Address | Sr.Xen, Colony Civil Mtc. Cell, GHTP, Lehra Mohabat. |
| Short Description of item | Auction of Booth No.07 for lease on rent |
| Purpose of Shop use | General Store / Diary Products / Stationary / Electrical / Electronics / Photography, Vegetable Shop/Booth etc. |
| Auction Publication: | Published |
| Sale of Auction documents | 03.01.2022 up to 04.00 P.M. |
| Date, time & place of Auction | 04.01.2022 at 11.00 A.M. at Officer Club, GHTP, Lehra Mohabat. |
| Document Cost | Rs. 50/- + GST (18%) |
| Payment Mode: | PSPCL cash receipt issued by AO/ O&M or Bank Draft |
| Payment in favour of: | AO/O&M, GHTP, Lehra Mohabat payable at Lehra Mohabat / Rampura Phul, Distt.-Bathinda. |
| EMD | Rs. 5000/- in cash or Demand Draft in favour of Accounts Officer/O&M, GHTP, Lehra Mohabat payable at Lehra Mohabat/ Rampura Phul before the auction. |
| Contact | Er. Baljit Sinigh, Sr.Xen, Contact : 96461-17660 |

**TERMS & CONDITIONS:**

1. The intending bidders who want to participate in the auction are required to submit Rs. 5000/- as earnest money in cash or Demand Draft in favour of Accounts Officer/O&M, GHTP, Lehra Mohabat payable at Rampura Phul before the auction.
2. The successful bidder will pay a sum as detailed below as a security deposit in addition to Rs. 5000/-. If the successful bidder will not deposit the requisite security deposit, his earnest money of Rs. 5000/- shall be forfieted and Booth will be offered to next highest bidder.The Security deposit shall be refunded only on vacation of Booth and PSPCL will not pay any interest on this amount. The earnest money of unsuccessful bidders shall be refunded on the spot.
   a) For Booth no. 7 = Security Deposit Rs. 8850/-(Three Months Rent)+ Earnest Money Rs. 5000/- = 13,850/-

   Apart from this, the successful bidder has to deposit three month's advance lease rent including GST @ 18% within two days after approval of hihgest bid by the competent authority.
3. The competent authority reserves the right to reject any or all the bids or can withdraw the auction without assigning any reason, whatsoever.
4. In case the above date happens to be a holiday, the auction shall take place at the same time on the next working day.
5. The bidder interested in participation of auction are required to purchase a set of documents containing terms & conditions up to 04.00 P.M. of 03-01-2022, from the office of Sr.Xen/Colony Civil Mtc. Cell, GHTP, Lehra Mohabat by depositing a sum of Rs. 50/- + GST(18%) with A.O./O&M, GHTP, Lehra Mohabat in form of cash or by demand draft in favour of AO/O&M, GHTP, Lehra Mohabat payable at Lehra Mohabbat or Rampura Phul. The bidders who do not purchase these documents will not be permitted to participate in auction.
6. All the intending bidders shall submit Adhaar Card copy as a proof of personnel identity and permanent address with the application for purchase of auction documents
7. The bid of the highest bidder shall be subject to the approval of the competent authority.
8. All other terms & conditions of auction shall be announced at the time of auction.

**Note:-** It is informed that in case auction process is not completed due to any reason, no corrigendum will be published in newspapers. Details regarding corrigendum may be seen on official website, www.pspcl.in.

10/12/21

Sr. Executive Engineer
Colony Civil Mtc. Cell,
GHTP, Lehra Mohabat.

Scanned with CamScanner

**ਪੰਜਾਬ ਰਾਜ ਪਾਵਰ ਨਿਗਮ ਲਿਮਟਿਡ**

**(ਦਫਤਰ ਸੀਨੀਅਰ ਕਾਰਜਕਾਰੀ ਇੰਜੀਨੀਅਰ/ਕਲੋਨੀ ਸਿਵਲ ਸੰਭਾਲ ਸੈਲ, ਗੁ:ਹ:ਥ:ਪ:, ਲਹਿਰਾ ਮੁਹੱਬਤ।**

**(ਮੋਬਾਇਲ ਨੰ: 96461-17660, ਫੈਕਸ ਨੰ: 0164-2756255)**

**ਖੁਲ੍ਹੀ ਬੋਲੀ ਦਾ ਨੋਟਿਸ**

| | |
|---|---|
| ਦਫਤਰ | ਸੀਨੀ: ਕਾਰਜਕਾਰੀ ਇੰਜੀਨੀਅਰ/ਕਲੋਨੀ ਸਿਵਲ ਸੰਭਾਲ ਸੈਲ, ਗੁ:ਹ:ਥ:ਪ:, ਲਹਿਰਾ ਮੁਹੱਬਤ |
| ਬੋਲੀ ਨੋਟਿਸ ਨੰ: | 10/ਬੋਲੀ/ਸੀਸੀਐਮਸੀ-210/2021-22 |
| ਜਾਰੀ ਕਰਤਾ | ਸੀਨੀ: ਕਾਰਜਕਾਰੀ ਇੰਜੀਨੀਅਰ/ਕਲੋਨੀ ਸਿਵਲ ਸੰਭਾਲ ਸੈਲ, ਗੁ:ਹ:ਥ:ਪ:, ਲਹਿਰਾ ਮੁਹੱਬਤ |
| ਪਤਾ | ਸੀਨੀਅਰ ਕਾਰਜਕਾਰੀ ਇੰਜੀਨੀਅਰ/ਕਲੋਨੀ ਸਿਵਲ ਸੰਭਾਲ ਸੈਲ, ਗੁ:ਹ:ਥ:ਪ:, ਲਹਿਰਾ ਮੁਹੱਬਤ |
| ਕੰਮ ਦਾ ਨਾਂ | ਪਾਵਰ ਕਲੋਨੀ ਗ:ਹ:ਥ:ਪ:, ਲਹਿਰਾ ਮੁਹੱਬਤ ਵਿਖੇ ਬੂਥ ਨੰ: 07 ਨੂੰ ਖੁਲ੍ਹੀ ਬੋਲੀ ਰਾਂਹੀ ਕਿਰਾਏ ਤੇ ਦੇਣਾ। |
| ਮੰਤਵ | ਜਨਰਲ ਸਟੋਰ / ਡੈਅਰੀ ਪ੍ਰੌਡਕਟ / ਸਟੇਸ਼ਨਰੀ / ਇਲੈਕਟ੍ਰੀਕਲ / ਇਲੈਕਟ੍ਰੋਨਿਕਸ / ਫੋਟੋਗ੍ਰਾਫੀ / ਵੈਜੀਟੇਬਲ ਆਦਿ ਲਈ ਦੁਕਾਨ/ਬੂਥ । |
| Auction Publication: | Published |
| ਬੋਲੀ ਦੇ ਦਸਤਾਵੇਜਾਂ ਨੂੰ ਵੇਚਣ ਦੀ ਆਖਰੀ ਮਿਤੀ | 03-01-2022 ਸ਼ਾਮ 4.00 ਵਜੇ ਤੱਕ |
| ਬੋਲੀ ਦੀ ਮਿਤੀ, ਸਮਾਂ ਅਤੇ ਸਥਾਨ | 04-01-2022 ਸਵੇਰੇ 11.00 ਵਜੇ ਆਫੀਸਰ ਕਲੱਬ, ਗ:ਹ:ਥ:ਪ:, ਲਹਿਰਾ ਮੁਹੱਬਤ ਵਿਖੇ |
| ਦਸਤਾਵੇਜ਼ਾਂ ਦੀ ਕੀਮਤ | ਰੁ:50/- + ਜੀਐਸਟੀ (18%) |
| ਰਕਮ ਜਮ੍ਹਾ ਕਰਵਾਉਣ ਦਾ ਤਰੀਕਾ | ਲੇਖਾ ਅਫਸਰ/ ਓਤੇਐਮ ਦੇ ਦਫਤਰ ਨਕਦ ਜਾਂ ਡਰਾਫਟ ਰਾਹੀਂ |
| ਰਕਮ ਜਿਸਦੇ ਹੱਕ ਵਿਚ ਜਮ੍ਹਾ ਕਰਵਾਉਣੀ ਹੈ। | ਲੇਖਾ ਅਫਸਰ / ਓਤੇਐਮ, ਗ:ਹ:ਥ:ਪ:, ਲਹਿਰਾ ਮੁਹੱਬਤ ਜ਼ੋ ਕਿ ਲਹਿਰਾ ਮੁਹੱਬਤ /ਰਾਮਪੁਰਾ ਫੂਲ ਵਿਖੇ ਦੇਣ ਯੋਗ ਹੋਵੇ |
| ਜਮਾਨਤੀ ਰਕਮ | ਰੁ:5000/- ਨਕਦ ਜਾਂ ਡੀਡੀ ਲੇਖਾ ਅਫਸਰ / ਓ ਤੇ ਐਮ ਦੇ ਹੱਕ ਵਿਚ . |
| ਸੰਪਰਕ ਕਰਤਾ | ਇੰਜ: ਬਲਜੀਤ ਸਿੰਘ, ਸੀਨੀ: ਕਾਰਜਕਾਰੀ ਇੰਜੀ:, ਸੰਪਰਕ ਨੰ: 96461-17660 |

ਸ਼ਰਤਾ:-

1) ਜ਼ੋ ਬੋਲੀਕਾਰ ਬੋਲੀ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਬੋਲੀ ਦੇਣ ਤੋਂ ਪਹਿਲਾ ਰੁ:5000/- ਲੇਖਾ ਅਫਸਰ/ਓਤੇਐਮ, ਗਹਥਪ, ਲਹਿਰਾ ਮੁਹੱਬਤ ਦੇ ਦਫਤਰ ਵਿਚ ਪੇਸ਼ਗੀ ਰਕਮ ਦੇ ਤੌਰ ਤੇ ਨਕਦ ਜਾਂ ਡਰਾਫਟ ਰਾਹੀਂ ਜਮ੍ਹਾਂ ਕਰਵਾਉਣਗੇ ਜ਼ੋ ਕਿ ਲਹਿਰਾ ਮੁਹੱਬਤ/ ਰਾਮਪੁਰਾ ਫੂਲ ਵਿਖੇ ਦੇਣ ਯੋਗ ਹੋਵੇਗਾ ।
2) ਜਿਸ ਬੋਲੀਕਾਰ ਦੇ ਨਾਮ ਤੇ ਬੋਲੀ ਛੱਡੀ ਜਾਵੇਗੀ, ਉਸਨੂੰ ਤੁਰੰਤ ਹੇਠ ਲਿਖੇ ਅਨੁਸਾਰ ਬਤੌਰ ਸਕਿਉਰਟੀ (ਉਪਰੋਕਤ ਬਿਆਨ ਰਕਮ ਤੋਂ ਇਲਾਵਾ) ਜਮ੍ਹਾਂ ਕਰਵਾਉਣਾ ਪਵੇਗਾ। ਬੋਲੀਕਾਰ ਵੱਲੋਂ ਬਤੌਰ ਸਕਿਉਰਟੀ ਜਮ੍ਹਾਂ ਨਾਂ ਕਰਾਉਣ ਦੀ ਸੂਰਤ ਵਿਚ ਉਸਦੀ ਬਿਆਨਾ ਰਕਮ ਜਬਤ ਕਰ ਲਈ ਜਾਵੇਗੀ ਤੇ ਬੂਥ ਅਗਲੇ ਉਚਤਮ ਬੋਲੀਕਾਰ ਨੂੰ ਉਸ ਵਲੋਂ ਦਿੱਤੀ ਗਈ ਬੋਲੀ ਤੇ ਆਫਰ ਕੀਤੀ ਜਾ ਸਕੇਗੀ। ਸਕਿਉਰਟੀ ਰਕਮ ਲੀਜ਼ ਹੋਲਡਰ ਨੂੰ ਬੂਥ ਖਾਲੀ ਕਰਨ ਉਪਰੰਤ ਵਾਪਿਸ ਕੀਤੀ ਜਾਵੇਗੀ ਅਤੇ ਪੀਐਸਪੀਸੀਐੱਲ ਇਸ ਰਕਮ ਉਪਰ ਕੋਈ ਵਿਆਜ ਨਹੀਂ ਦੇਵੇਗਾ। ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ।

   ੳ) ਬੂਥ ਨੰ:-7 ਵਾਸਤੇ = ਸਕਿਉਰਟੀ ਰਕਮ 8850/-ਰੁ: (ਤਿੰਨ ਮਹੀਨੇ ਦਾ ਰੈਂਟ)+ਬਿਆਨਾ ਰਕਮ 5000/-ਰੁ:=13,850/-ਰੁ:

   ਇਸ ਤੋਂ ਇਲਾਵਾ ਸਮਰੱਥ ਅਧਿਕਾਰੀ ਵੱਲੋ ਉਚ ਬੋਲੀ ਦੀ ਪ੍ਰਵਾਨਗੀ ਦੇ ਦੋ ਦਿਨਾਂ ਦੇ ਅੰਦਰ-2 ਬੋਲੀ ਕਾਰ ਨੂੰ ਤਿੰਨ ਮਹੀਨੇ ਦਾ ਅਡਵਾਂਸ ਕਿਰਾਇਆ ਸਮੇਤ ਜੀਐਸਟੀ 18% ਜਮ੍ਹਾਂ ਕਰਵਾਉਣਾ ਪਵੇਗਾ।
3) ਸਮਰੱਥ ਅਧਿਕਾਰੀ ਨੂੰ ਬੋਲੀ ਮੰਨਜੂਰ ਕਰਨ ਜਾਂ ਖਾਰਜ ਕਰਨ ਦੇ ਪੂਰੇ ਅਖਤਿਆਰ ਹੋਣਗੇ।
4) ਜੇਕਰ ਕਿਸੇ ਕਾਰਨ ਬੋਲੀ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾਂ ਬੋਲੀ ਅਗਲੇ ਕੰਮ ਵਾਲੇ ਦਿਨ ਕੀਤੀ ਜਾਵੇਗੀ।
5) ਜ਼ੋ ਬੋਲੀਕਾਰ ਬੋਲੀ ਦੇਣ ਲਈ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਰੁ: 50/- + ਜੀਐਸਟੀ (18%) ਬਾਬਤ ਦਸਤਾਵੇਜ਼ਾਂ ਦੀ ਕੀਮਤ ਲੇਖਾ ਅਫਸਰ/ਓ ਤੇ ਐਮ, ਗਹਥਪ, ਲਹਿਰਾ ਮੁਹੱਬਤ ਦੇ ਦਫਤਰ ਵਿਖੇ ਨਕਦ ਜਾਂ ਡਰਾਫਟ ਰਾਹੀਂ ਜਮ੍ਹਾਂ ਕਰਵਾਕੇ ਦਸਤਾਵੇਜਜ਼ ਸੀਨੀਅਰ ਕਾਰਜਕਾਰੀ ਇੰਜੀ:/ਕਲੋਨੀ ਸਿਵਲ ਸੰਭਾਲ ਦੇ ਦਫਤਰ ਵਿਚੋਂ ਮਿਤੀ 03.01.2022 ਸਮਾਂ ਸ਼ਾਮ 4.00 ਵਜੇਂ ਤੱਕ ਖਰੀਦੇਗਾ। ਜ਼ੋ ਬੋਲੀਕਾਰ ਇਹ ਦਸਤਾਵੇਜ਼ ਨਹੀਂ ਖਰੀਦੇਗਾ ਉਹ ਬੋਲੀ ਵਿਚ ਹਿੱਸਾ ਨਹੀਂ ਲੈ ਸਕੇਗਾ।
6) ਜ਼ੋ ਬੋਲੀਕਾਰ ਦਸਤਾਵੇਜ਼ ਖਰੀਦਣ ਦਾ ਚਾਹਵਾਨ ਹੈ ਆਪਣੀ ਪਹਿਚਾਨ ਅਤੇ ਪੱਕੇ ਪਤੇ ਦੇ ਸਬੂਤ ਵਜੋ ਅਧਾਰ ਕਾਰਡ ਪੇਸ਼ ਕਰੇਗਾ
7) ਸਭ ਤੋਂ ਉੱਚੀ ਬੋਲੀ ਦੇਣ ਵਾਲੇ ਬੋਲੀਕਾਰ ਦੀ ਬੋਲੀ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਹੀ ਫਾਈਨਲ ਮੰਨੀ ਜਾਵੇਗੀ।
8) ਬੋਲੀ ਦੀਆਂ ਬਾਕੀ ਸਾਰੀਆਂ ਸ਼ਰਤਾ ਮੌਕੇ ਤੇ ਦੱਸੀਆਂ ਜਾਣਗੀਆਂ।

**ਨੋਟ:-** ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਬੋਲੀ ਦੀ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸੰਬੰਧੀ ਵੇਰਵੇ ਪੀ ਐਸ ਪੀ ਸੀ ਐਲ ਦੀ ਵੈਬ ਸਾਈਟ www.pspcl.in ਤੇ ਵੇਖੇ ਜਾਣ।

15/12/21

ਸੀਨੀ: ਕਾਰਜਕਾਰੀ ਇੰਜੀਨੀਅਰ,
ਕਲੋਨੀ ਸਿਵਲ ਸੰਭਾਲ ਸੈਲ,
ਗ:ਹ:ਥ:ਪ:, ਲਹਿਰਾ ਮੁਹੱਬਤ।

Scanned with CamScanner

ਵਿਸ਼ਾ:- ਗੁ:ਹ:ਥ:ਪ:, ਲਹਿਰਾ ਮੁਹੱਬਤ ਦੇ ਸ਼ਾਪਿੰਗ ਕੰਪਲੈਕਸ ਵਿਚ ਬੂਥ ਨੰ: 07 ਨੂੰ ਕਿਰਾਏ ਤੇ ਦੇਣ ਸਬੰਧੀ ਸ਼ਰਤਾ:-

**ਬੂਥ ਨੰ: 7 ਵਾਸਤੇ ਰਿਜਰਵ ਲੀਜ ਰੈਂਟ ਰੁ: 2500/- ਪ੍ਰਤੀ ਮਹੀਨਾ + ਜੀ.ਐਸ.ਟੀ ਵੱਖਰਾ**

1. ਬੂਥ ਨੰ: 07 ਖੁਲ੍ਹੀ ਬੋਲੀ ਰਾਹੀ ਕਿਰਾਏ ਤੇ ਦਿੱਤੀ ਜਾਵੇਗੀ ਅਤੇ ਸਭ ਤੋਂ ਉੱਚੀ ਬੋਲੀ ਵਾਲੇ ਦੇ ਨਾਮ ਬੋਲੀ ਛੱਡੀ ਜਾਵੇਗੀ। ਬੂਥ ਨੰ: 07 ਦਾ ਕਬਜ਼ਾ ਅਲਾਟਮੈਂਟ ਕਮੇਟੀ ਦੇ ਅਧਿਕਾਰੀ ਵਲੋਂ ਉਚ ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਦਿੱਤਾ ਜਾਵੇਗਾ। ਅਲਾਟਮੈਂਟ ਕਮੇਟੀ ਦੇ ਅਧਿਕਾਰੀ ਨੂੰ ਕਿਸੇ ਵੀ ਬੋਲੀ ਨੂੰ ਬਗੈਰ ਵਜ਼ਾ ਦੱਸੇ ਰੱਦ ਕਰਨ ਦਾ ਅਧਿਕਾਰ ਹੋਵੇਗਾ।
2. ਬੋਲੀਕਾਰ ਜੋ ਬੋਲੀ ਵਿਚ ਸ਼ਾਮਲ ਹੋਵੇਗਾ, ਉਸ ਪਾਸੋਂ ਮੌਕੇ ਤੇ ਹੀ 5000/- ਰੁ: ਬਿਆਨੇ ਵਜੋ ਲਏ ਜਾਣਗੇ, ਜ਼ੋ ਕਿ ਬੋਲੀ ਦੇ ਖਤਮ ਹੋਣ ਉਪਰੰਤ, ਜਿਸ ਆਦਮੀ ਦੇ ਨਾਮ ਬੋਲੀ ਟੁੱਟੇਗੀ, ਨੂੰ ਛੱਡ ਕੇ ਬਾਕੀ ਸਭ ਨੂੰ ਜਮ੍ਹਾਂ ਕਰਵਾਈ ਰਕਮ ਵਾਪਸ ਕਰ ਦਿੱਤੀ ਜਾਵੇਗੀ।
3. ਜਿਸ ਬੋਲੀਕਾਰ ਦੇ ਨਾਮ ਤੇ ਬੋਲੀ ਛੱਡੀ ਜਾਵੇਗੀ, ਉਸਨੂੰ ਤੁਰੰਤ ਹੇਠ ਲਿਖੇ ਅਨੁਸਾਰ ਬਤੌਰ ਸਕਿਊਰਟੀ (ਉਪਰੋਕਤ ਬਿਆਨ ਰਕਮ ਤੋਂ ਇਲਾਵਾ) ਜਮ੍ਹਾਂ ਕਰਵਾਉਣਾ ਪਵੇਗਾ। ਬੋਲੀਕਾਰ ਵੱਲੋਂ ਬਤੌਰ ਸਕਿਊਰਟੀ ਜਮ੍ਹਾਂ ਨਾਂ ਕਰਾਉਣ ਦੀ ਸੂਰਤ ਵਿਚ ਉਸਦੀ ਬਿਆਨਾ ਰਕਮ ਜਬਤ ਕਰ ਲਈ ਜਾਵੇਗੀ ਤੇ ਬੂਥ ਨੰ: 07 ਅਗਲੇ ਉਚਤਮ ਬੋਲੀਕਾਰ ਨੂੰ ਉਸ ਵਲੋਂ ਦਿੱਤੀ ਗਈ ਬੋਲੀ ਤੇ ਆਫਰ ਕੀਤੀ ਜਾ ਸਕੇਗੀ। ਸਕਿਊਰਟੀ ਰਕਮ ਲੀਜ਼ ਹੋਲਡਰ ਨੂੰ ਬੂਥ ਖਾਲੀ ਕਰਨ ਉਪਰੰਤ ਵਾਪਿਸ ਕੀਤੀ ਜਾਵੇਗੀ ਅਤੇ ਪੀਐਸਪੀਸੀਐੱਲ ਇਸ ਰਕਮ ਉਪਰ ਕੋਈ ਵਿਆਜ ਨਹੀਂ ਦੇਵੇਗਾ।ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ।
   ਬੂਥ ਨੰ:-07 ਵਾਸਤੇ ਸਕਿਊਰਟੀ ਰਕਮ=8850/-ਰੁ: (ਤਿੰਨ ਮਹੀਨੇ ਦਾ ਰੈਂਟ)+ਬਿਆਨਾ ਰਕਮ 5000/-ਰੁ: =13,850/-ਰੁ:
   ਇਸ ਤੋਂ ਇਲਾਵਾ ਸਮਰੱਥ ਅਧਿਕਾਰੀ ਵੱਲੋ ਉਚ ਬੋਲੀ ਦੀ ਪ੍ਰਵਾਨਗੀ ਦੇ ਦੋ ਦਿਨਾਂ ਦੇ ਅੰਦਰ-2 ਬੋਲੀ ਕਾਰ ਨੂੰ ਤਿੰਨ ਮਹੀਨੇ ਦਾ ਅਡਵਾਂਸ ਕਿਰਾਇਆ ਸਮੇਤ ਜੀਐਸਟੀ 18% ਜਮ੍ਹਾਂ ਕਰਵਾਉਣਾ ਪਵੇਗਾ।
4. ਜਿਸ ਬੋਲੀਕਾਰ ਦੀ ਸਭ ਤੋਂ ਉਚੀ ਬੋਲੀ ਹੋਵੇਗੀ ਉਹ ਬੋਲੀ ਅਤੇ ਸ਼ਰਤਾਂ ਦੀ ਪ੍ਰਵਾਨਗੀ ਤੋਂ ਬਾਅਦ ਕਬਜ਼ਾ ਲੈਣ ਦਾ ਪਾਬੰਦ ਹੋਵੇਗਾ। ਬੂਥ ਦਾ ਕਬਜ਼ਾ ਅਸਟਾਮ ਉਪਰ ਇਕਰਾਰਨਾਮਾ ਕਰਨ ਤੋਂ ਬਾਅਦ ਦਿੱਤਾ ਜਾਵੇਗਾ। ਇਸ ਇਕਰਾਰਨਾਮੇ ਨੂੰ ਤਹਿਸੀਲਦਾਰ ਕੋਲ ਰਜਿਸ਼ਟਰ ਕਰਵਾਉਣਾ ਹੋਵੇਗਾ। ਸਮੇਂ ਸਿਰ ਇਕਰਾਰਨਾਮਾ ਨਾ ਕਰਨ ਤੇ/ਕਬਜ਼ਾ ਨਾ ਲੈਣ ਤੇ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ ਅਤੇ ਜਮ੍ਹਾਂ ਕੀਤੀ ਸਕਿਊਰਟੀ ਅਤੇ ਅਡਵਾਂਸ ਕਿਰਾਇਆ ਜ਼ਬਤ ਕਰ ਲਿਆ ਜਾਵੇਗਾ।
5. ਹਰ ਬੋਲੀਕਾਰ ਬੂਥ ਦਾ ਕਬਜ਼ਾ ਸੰਭਾਲਣ ਤੋਂ ਪਹਿਲਾਂ ਜਮਾਨਤ ਵਜੋਂ ਰੁ:5.00 ਲੱਖ ਦੀ ਅਚੱਲ ਜਾਇਦਾਦ ਦੀ ਜਾਮਨੀ ਆਪਣੇ ਖਰਚੇ ਤੇ ਤਿਆਰ ਕਰਕੇ ਦੇਵੇਗਾ।
6. ਬੋਲੀਕਾਰ ਕਿਰਾਇਆ ਹਰ ਮਹੀਨੇ ਦੀ 10 ਤਾਰੀਖ ਤੱਕ ਅਦਾ ਕਰਨ ਲਈ ਪਾਬੰਦ ਹੋਵੇਗਾ। ਉਸ ਦਿਨ ਛੁੱਟੀ ਹੋਣ ਦੀ ਸੂਰਤ ਵਿਚ ਅਗਲੇ ਦਿਨ ਦਫਤਰ ਖੁਲ੍ਹਣ ਤੇ ਕਿਰਾਇਆ ਲਿਆ ਜਾਵੇਗਾ। ਇਸ ਤੋਂ ਮਗਰੋ ਕਿਰਾਇਆ ਦਾਖਲ ਕਰਨ ਦੀ ਸੂਰਤ ਵਿਚ ਸਮੇਂ ਸਿਰ ਨਾ ਦਿੱਤੇ ਕਿਰਾਏ ਉਤੇ 10% ਸਰਚਾਰਜ ਲੱਗੇਗਾ। ਜੇਕਰ ਕਿਰਾਏਦਾਰ ਵਲੋਂ ਲਗਾਤਾਰ ਤਿੰਨ ਮਹੀਨੇ ਕਿਰਾਇਆ ਨਹੀਂ ਦਿੱਤਾ ਜਾਂਦਾ ਤਾਂ ਉਸਦਾ ਇਕਰਾਰਨਾਮਾ ਰੱਦ ਕਰਨ ਦਾ ਅਤੇ ਦੁਕਾਨ ਖਾਲੀ ਕਰਵਾਉਣ ਦਾ ਅਧਿਕਾਰ ਕਮੇਟੀ ਪਾਸ ਹੋਵੇਗਾ।
7. ਬੂਥ ਨੰ: 07 ਕਬਜ਼ਾ ਸੰਭਾਲਣ ਦੀ ਮਿਤੀ ਤੋਂ 03 ਸਾਲ (ਤਿੰਨ ਸਾਲ) ਲਈ ਕਿਰਾਏ ਤੇ ਦਿੱਤੀ ਜਾਵੇਗੀ ਅਤੇ 01 (ਇੱਕ) ਸਾਲ ਬਾਅਦ 2% ਦੀ ਦਰ ਨਾਲ ਕਿਰਾਏ ਵਿਚ ਵਾਧਾ ਹੁੰਦਾ ਰਹੇਗਾ। ਇਹ ਵਾਧਾ ਚੱਕਰਵਰਤੀ ਵਿੱਧੀ ਅਨੁਸਾਰ ਹੋਵੇਗਾ (ਜਿਵੇਂ ਕਿ ਪਹਿਲੇ ਸਾਲ ₹100/- ਤਾਂ ਦੂਜੇ ਸਾਲ ₹102/- ਤਾਂ ਤੀਜੇ ਸਾਲ ₹104.04/- ਹੋਵੇਗਾ)। ਕਿਰਾਏ ਦੇ ਸਮੇਂ ਵਿੱਚ ਵਾਧਾ ਕਰਵਾਉਣ ਲਈ ਦੁਕਾਨਦਾਰ ਨੂੰ ਕਿਰਾਏ ਦਾ ਸਮਾਂ ਖਤਮ ਹੋਣ ਤੋਂ ਇੱਕ ਮਹੀਨਾਂ ਪਹਿਲਾਂ ਅਰਜੀ ਦੇਣੀ ਪਵੇਗੀ। ਦੋ ਵਾਰੀ 01-01 (ਇੱਕ-2) ਸਾਲ ਦਾ ਕਿਰਾਏ ਦੇ ਸਮੇਂ ਵਿੱਚ ਵਾਧਾ ਕਰਨ ਤੋਂ ਬਾਅਦ ਕਿਰਾਏਦਾਰ ਬੂਥ ਖਾਲੀ ਕਰਕੇ ਗੁ:ਹ:ਥ:ਪ:, ਲਹਿਰਾ ਮੁਹੱਬਤ ਸੰਸਥਾ ਦੇ ਹਵਾਲੇ ਕਰਨ ਦਾ ਪਾਬੰਦ ਹੋਵੇਗਾ। ਕਿਸੇ ਵੀ ਪਾਰਟੀ ਵੱਲੋ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਇਕਰਾਰਨਾਮਾ ਕੈਂਸਲ ਕੀਤਾ ਜਾ ਸਕਦਾ ਹੈ। ਦੋ ਵਾਰੀ 01-01 (ਇੱਕ-2) ਸਾਲ ਦਾ ਕਿਰਾਏ ਦੇ ਸਮੇਂ ਵਿੱਚ ਵਾਧਾ ਕਰਨ ਤੋਂ ਬਾਅਦ ਅਗਰ ਦੁਕਾਨਦਾਰ ਬੂਥ ਨੂੰ ਅੱਗੇ ਵਾਸਤੇ ਰੱਖਣਾ ਚਾਹੁੰਦਾ ਹੋਵੇ ਤਾਂ ਅਲਾਟਮੈਂਟ ਕਮੇਟੀ ਨੂੰ ਮਿਆਦ ਪੂਰੀ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਆਪਣੀ ਸਹਿਮਤੀ ਲਿਖਕੇ ਦੇਵੇਗਾ। ਅਲਾਟਮੈਂਟ ਕਮੇਟੀ ਇਸ ਸਹਿਮਤੀ ਤੇ ਵਿਚਾਰ ਕਰਕੇ ਕੀਮਤਾਂ ਵਿਚ ਵਾਧੇ ਨੂੰ ਮੁੱਖ ਰਖਕੇ ਅੱਗੇ 03 ਸਾਲ (ਤਿੰਨ ਸਾਲ) ਲਈ ਕਿਰਾਏ ਤੇ ਐਗਰੀਮੈਂਟ ਕਰ ਸਕਦੀ ਹੈ।
8. ਬੋਲੀਕਾਰ ਬੂਥ ਨੰ: 07 ਵਿਚ ਅਲਾਟਮੈਂਟ ਕਮੇਟੀ ਦੀ ਪੇਸ਼ਗੀ ਮੰਨਜ਼ੂਰੀ ਤੋਂ ਬਿਨਾਂ ਕਿਸੇ ਦੂਜੇ ਨੂੰ ਹਿੱਸੇਦਾਰ ਨਹੀਂ ਬਣਾ ਸਕਦਾ ਅਤੇ ਨਾ ਹੀ ਬੂਥ ਨੂੰ ਅਗੇ ਕਿਸੇ ਹੋਰ ਨੂੰ ਕਿਰਾਏ ਤੇ (ਸਬਲੈਟ) ਕਰ ਸਕਦਾ ਹੈ। ਜੇਕਰ ਕੋਈ ਅਜਿਹਾ ਕਰੇਗਾ ਤਾਂ ਕਿਰਾਏਦਾਰ ਦਾ ਕਿਰਾਏ ਸਬੰਧੀ ਕੀਤਾ ਇਕਰਾਰਨਾਮਾ ਕੈਂਸਲ ਸਮਝਿਆ ਜਾਵੇਗਾ ਅਤੇ ਦੁਕਾਨਦਾਰ ਤੋ ਬੂਥ ਨੰ: 07 ਖਾਲੀ ਕਰਵਾ ਲਈ ਜਾਵੇਗਾ। ਕਿਰਾਏਦਾਰ ਦੀ ਸਾਰੀ ਸਕਿਊਰਟੀ ਜ਼ਬਤ ਕਰ ਲਈ ਜਾਵੇਗੀ ।
9. ਬੂਥ ਨੰ: 07 ਦੀ ਉਪਰ ਦੀ ਛੱਤ ਗੁ:ਹ:ਥ:ਪ:, ਲਹਿਰਾ ਮੁਹੱਬਤ ਸੰਸਥਾ ਦੇ ਕਬਜ਼ੇ ਵਿਚ ਹੋਵੇਗੀ। ਬੋਲੀਕਾਰ ਇਸ ਨੂੰ ਆਪਣੀ ਵਰਤੋਂ ਵਿਚ ਨਹੀਂ ਲਿਆ ਸਕਦਾ ਪ੍ਰੰਤੂ ਦੁਕਾਨਦਾਰ ਛੱਤ ਦੀ ਸਾਂਭ ਸੰਭਾਲ ਦਾ ਪਾਬੰਦ ਹੋਵੇਗਾ।
10. ਬੋਲੀਕਾਰ ਬੂਥ ਦੇ ਬਰਾਮਦੇ ਨੂੰ ਲੋਕਾਂ ਦੀ ਆਵਾਜਾਈ ਲਈ ਖਾਲੀ ਰੱਖੇਗਾ। ਕਿਰਾਏਦਾਰ ਆਪਣੇ ਸਾਹਮਣੇ ਸੜਕ ਦੇ ਕਿਸੇ ਹਿੱਸੇ ਦੀ ਆਪਣੇ ਲਈ ਵਰਤੋਂ ਨਹੀਂ ਕਰੇਗਾ। ਸੜਕਾਂ ਦੀ ਮੁਰੰਮਤ ਮਹਿਕਮੇ ਵਲੋਂ ਕਰਵਾਈ ਜਾਵੇਗੀ ਪਰੰਤੂ

Scanned with CamScanner

ਮਲਬਾ ਅਤੇ ਕੂੜਾ ਕਰਕਟ ਕਿਰਾਏਦਾਰ ਵਲੋਂ ਹਟਾਇਆ ਜਾਵੇਗਾ ਅਤੇ ਸਫਾਈ ਦਾ ਪੂਰਾ ਪੂਰਾ ਧਿਆਨ ਉਸ ਵਲੋ ਹੀ ਰੱਖਿਆ ਜਾਵੇਗਾ। ਦੁਕਾਨਦਾਰ ਨੇ ਸਮੋਕਿੰਗ (No Smoking) ਦਾ ਸਾਈਨ ਬੋਰਡ ਵੀ ਲਗਾਏਗਾ।

11. ਬੋਲੀਕਾਰ ਬੂਥ ਨੰ: 07 ਦਾ ਨਾਮ ਬੂਥ ਦੇ ਮੱਥੇ ਤੇ ਨਾਮ ਲਿਖਣ ਵਾਸਤੇ ਜਿਹੜੀ ਥਾਂ ਬਣੀ ਹੋਈ ਹੈ, ਉਥੇ ਹੀ ਲਿਖੇਗਾ ਅਤੇ ਹੋਰ ਕੋਈ ਵੀ ਥਾਂ ਜਾਂ ਬੋਰਡ ਦੀ ਵਰਤੋਂ ਨਹੀਂ ਕਰੇਗਾ।

12. ਜੇਕਰ ਗੁ:ਹ:ਥ:ਪ:, ਲਹਿਰਾ ਮੁਹੱਬਤ ਸੰਸਥਾ ਨੂੰ ਕਿਸੇ ਨਿੱਜੀ ਵਰਤੋ ਲਈ ਬੂਥ ਨੰ: 07 ਦੀ ਲੋੜ ਹੋਵੇਗੀ ਤਾਂ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਬੂਥ ਖਾਲੀ ਕਰਵਾ ਸਕਦੀ ਹੈ। ਕਿਰਾਏਦਾਰ ਇਸ ਦਾ ਪਾਬੰਦ ਹੋਵੇਗਾ।

13. ਬੋਲੀਕਾਰ ਨੂੰ ਜਿਸ ਹਾਲਤ ਵਿਚ ਬੂਥ ਨੰ: 07 ਦਿੱਤੀ ਜਾਵੇਗੀ, ਉਹ ਉਸ ਬੂਥ ਨੂੰ ਉਸੇ ਹਾਲਤ ਵਿਚ ਰੱਖਣ ਦਾ ਪਾਬੰਦ ਹੋਵੇਗਾ, ਕਿਰਾਏਦਾਰ ਇਸ ਵਿਚ ਕੋਈ ਵਾਧਾ/ਘਾਟਾ ਨਹੀਂ ਕਰੇਗਾ। ਕਿਰਾਏਦਾਰ ਬੂਥ ਨੂੰ ਠੀਕ ਹਾਲਤ ਵਿਚ ਰੱਖਣ ਲਈ ਉਸਦੀ ਰੋਜ਼ਾਨਾ/ਸਲਾਨਾ ਸਧਾਰਣ ਮੁਰੰਮਤ ਆਪਣੇ ਪੱਧਰ ਤੇ ਕਰਵਾਏਗਾ, ਮੇਜਰ ਰਿਪੇਅਰ ਜੇ ਮਹਿਕਮਾ ਜਰੂਰਤ ਸਮਝਦਾ ਹੈ ਤਾਂ ਆਪਣੇ ਪੱਧਰ ਤੇ ਕਰਵਾਏਗਾ ਪਰੰਤੂ ਇਸ ਮੇਜਰ ਰਿਪੇਅਰ ਨੂੰ ਮਹਿਕਮੇ ਵਲੋਂ ਨਾ ਕਰਾਉਣ ਦੀ ਸੂਰਤ ਵਿਚ ਲੀਜ ਹੋਲਡਰ ਕਿਸੇ ਕਿਸਮ ਦੇ ਕਲੇਮ ਦਾ ਹੱਕਦਾਰ ਨਹੀਂ ਹੋਵੇਗਾ।

14. ਬੋਲੀਕਾਰ ਬੂਥ ਨੰ: 07 ਦੀ ਵਰਤੋਂ ਸਿਰਫ ਉਸੇ ਕੰਮ ਟਰੇਡ ਲਈ ਕਰੇਗਾ, ਜਿਸ ਵਾਸਤੇ ਉਸਨੂੰ ਅਲਾਟ ਕੀਤੀ ਗਈ ਹੈ।

15. ਦੁਕਾਨਦਾਰ ਮਾਰਕੀਟ ਵਿਚ ਕਿਸੇ ਤਰ੍ਹਾਂ ਦੀ ਪਬਲਿਕ ਨਿਉਸੈਂਸ ਪੈਦਾ ਨਹੀਂ ਕਰੇਗਾ।

16. ਬੋਲੀਕਾਰ ਬੂਥ ਨੰ: 07 ਤੇ ਸਰਕਾਰ ਵੱਲੋ ਨਿਰਧਾਰਤ ਮਾਪਦੰਡਾ ਅਨੁਸਾਰ ਸਮਾਨ ਵੇਚੇਗਾ। ਚੀਜ਼ਾ ਦੇ ਰੇਟ ਮਾਰਕੀਟ ਅਨੁਸਾਰ ਰੱਖੇਗਾ ਅਤੇ ਅਲਾਟਮੈਂਟ ਪੱਤਰ ਦੀ ਪੂਰੀ ਪੂਰੀ ਪਾਲਣਾ ਕਰੇਗਾ।

17. ਬੋਲੀਕਾਰ ਦੁਕਾਨ ਵਿਚ ਕੋਈ ਅਜਿਹੀ ਚੀਜ਼ ਨਹੀਂ ਵੇਚੇਗਾ/ਸ਼ਰਾਬ ਪੀਣ ਦੀ ਇਜ਼ਾਜਤ ਨਹੀਂ ਦੇਵੇਗਾ ਕਿ ਪਬਲਿਕ ਹਿੱਤ ਦੇ ਵਿਰੁੱਧ ਹੋਵੇ, ਜਿਵੇਂ ਕਿ ਨਸ਼ੀਲੀਆਂ ਦਵਾਈਆਂ, ਸ਼ਰਾਬ ਆਦਿ।

18. ਬੋਲੀਕਾਰ ਬੂਥ ਨੰ: 07 ਵਿਚ ਕੋਈ ਵੀ ਵਿਸਫੋਟਕ ਸਮੱਗਰੀ ਨਹੀਂ ਰੱਖੇਗਾ। ਜੇਕਰ ਕਿਸੇ ਗਲਤ ਵਰਤੋਂ ਕਾਰਨ ਇਮਾਰਤ ਨੂੰ ਨੁਕਸਾਨ ਹੋਵੇਗਾ ਤਾਂ ਉਸਦੀ ਵਸੂਲੀ ਕਿਰਾਏਦਾਰ ਤੋਂ ਕੀਤੀ ਜਾਵੇਗੀ।

19. ਗੁ:ਹ:ਥ:ਪ:, ਲਹਿਰਾ ਮੁਹੱਬਤ ਸੰਸਥਾ ਕਿਰਾਏਦਾਰ ਵਲੋਂ ਬੂਥ ਨੰ: 07 ਵਿਚ ਰੱਖੇ ਸਮਾਨ ਨੂੰ ਬਿਜਲੀ ਤੇ ਸ਼ਾਰਟ ਸਰਕਟ, ਅੱਗ ਲੱਗਣ, ਹੜਤਾਲ, ਕਿਸੇ ਤਰ੍ਹਾਂ ਦੇ ਲੜਾਈ ਝਗੜੇ, ਕੁਦਰਤੀ ਆਫਤਾਂ ਜਿਵੇਂ ਕਿ ਹੜ੍ਹ ਅਤੇ ਭੁਚਾਲ ਆਦਿ ਆਉਣ ਕਾਰਨ ਹੋਏ ਨੁਕਸਾਨ ਦੀ ਜ਼ਿਮੇਵਾਰੀ ਨਹੀਂ ਹੋਵੇਗੀ।

20. ਬੋਲੀਕਾਰ ਵਲੋਂ ਵਰਤੀ ਗਈ ਬਿਜਲੀ ਦਾ ਖਰਚਾ ਸਬੰਧਤ ਉਪ ਮੰਡਲ/ਵੰਡ ਨੂੰ ਬੋਰਡ ਦੇ ਨਿਰਧਾਰਤ ਟੇਰਿਫ ਦੇ ਮੁਤਾਬਿਕ ਅਦਾ ਕਰਨਾ ਪਵੇਗਾ। ਦੁਕਾਨਦਾਰ ਹਰ ਦੋ ਮਹੀਨੇ ਬਾਅਦ ਬਿਜਲੀ ਦੇ ਬਿੱਲ ਦੀ ਭੁਗਤਾਨ ਦੇ ਸਬੂਤ ਵਜੋਂ ਉਸ ਦੀ ਰਸੀਦ ਇਸ ਦਫਤਰ ਵਿੱਚ ਜਮ੍ਹਾਂ ਕਰਵਾਏਗਾ।

21. ਉਪਰੋਕਤ ਦਰਜ਼ ਸ਼ਰਤਾਂ ਵਿਚੋਂ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਗੁ:ਹ:ਥ:ਪ;, ਲਹਿਰਾ ਮੁਹੱਬਤ ਸੰਸਥਾ ਨੂੰ ਬੂਥ ਨੰ: 07 ਖਾਲੀ ਕਰਵਾ ਲੈਣ ਦਾ ਹੱਕ ਹੋਵੇਗਾ ਅਤੇ ਕਿਰਾਏਦਾਰ ਵਲੋ ਜਮ੍ਹਾਂ ਕਰਵਾਈ ਗਈ ਰਕਮ ਸਕਿਊਰਟੀ ਜ਼ਬਤ ਕਰ ਲਈ ਜਾਵੇਗੀ ਜਿਸਤੇ ਕਿਰਾਏਦਾਰ ਦਾ ਕੋਈ ਉਜਰ ਨਹੀਂ ਹੋਵੇਗਾ।

22. ਜੀ.ਐਸ.ਟੀ ਬੋਲੀਕਾਰ ਤੋਂ ਵੱਖਰਾ ਲਿਆ ਜਾਵੇਗਾ।

23. Purpose of Booth - General Store / Diary Products / Stationary / Electrical / Electronics/ Photography/ Vegetable Shop etc.

24. ਬੂਥ ਨੰ: 07 ਦੀ ਡਰਾਇੰਗ ਨਿਮਨ ਹਸਤਾਖਰ ਦੇ ਦਫਤਰ ਵਿੱਚ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦੇਖੀ ਜਾ ਸਕਦੀ ਹੈ।

15/1/2

ਸਕੱਤਰ/ਸ਼ਾਪ ਅਲਾਟਮੈਂਟ ਕਮੇਟੀ,
-ਕਮ- ਸੀਨੀ: ਕਾਰਜਕਾਰੀ ਇੰਜ:,
ਕਲੋਨੀ ਸਿਵਲ ਸੰਭਾਲ ਸੈਲ,
ਗ:ਹ:ਥ:ਪ:, ਲਹਿਰਾ ਮੁਹੱਬਤ।

Scanned with CamScanner